ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-5 ਸ਼ਾਖਾ)

<u>ਹੁਕਮ</u>

ਸ਼੍ਰੀ ਭੁਪਿੰਦਰ ਸਿੰਘ ਸਿਧੂ, ਸਾਇੰਸ ਮਾਸਟਰ, ਸਰਕਾਰੀ ਹਾਈ ਸਕੂਲ ਹੀਰੋ ਕਲਾਂ, ਜਿਲ੍ਹਾ ਮਾਨਸਾ (ਹੁਣ ਡਿਸਮਿਸਡ) ਨੂੰ ਡੀ.ਪੀ.ਆਈ. (ਸੈ.ਸਿੱ.), ਪੰਜਾਬ ਵੱਲੋਂ ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿੱ.), ਪੰਜਾਬ ਦੇ ਹੁਕਮ ਨੰ: 6/11-12 ਅਮਲਾ 2(3)/10002/3 ਮਿਤੀ 15.07.2014 ਜੋ ਮਿਤੀ 28.08.2014 ਨੂੰ ਉਸ ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਬਰਖਾਸਤ ਕਰਨ ਸਬੰਧੀ ਜਾਰੀ ਕੀਤੇ ਗਏ ਸਨ, ਦੇ ਵਿਰੁੱਧ ਅਪੀਲ ਮਿਤੀ 26.09.2014 ਨੂੰ ਕੀਤੀ ਗਈ ਸੀ ਕਿ Order of dismissal passed by respondent no. 1 is arbitrary, without jurisdiction, against the facts on file, against the principles of natural justice and the penalty imposed in the form of dismissal of the appellant who remained working with the respondents for around 12 years is highly arbitrary and in violation of Punjab Civil Services (Punishment and Appeal) Rules, 1970. It is therefore, respectfully prayed that order dated 10.09.2014 (Annexure A-1) and relieving letter (Annexure A-2) passed by the respondent may kindly be set aside, in the interest of justice and the appellant may kindly be reinstated from the date of dismissal with all consequential benefits.

2. ਇਹ ਕਿ ਸ਼੍ਰੀ ਭੁਪਿੰਦਰ ਸਿੰਘ ਸਿਧੂ, ਸਾਇੰਸ ਮਾਸਟਰ (ਡਿਸਮਿਸਡ) ਵੱਲੋਂ ਪ੍ਰਾਪਤ ਹੋਈ ਅਪੀਲ ਨੂੰ ਵਿਚਾਰਨ ਉਪਰੰਤ ਸਰਕਾਰ ਦੇ ਪੱਤਰ ਨੰ: 19/183/2014-5ਸਿੱ5/330009/1-5 ਮਿਤੀ 22.10.2014 ਰਾਹੀਂ ਪ੍ਰਾਰਥੀ ਨੂੰ ਮਿਤੀ 05.11.2014 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੰਦੇ ਹੋਏ ਨੋਟਿਸ ਜਾਰੀ ਕੀਤਾ ਗਿਆ ਸੀ ਪਰ ਇਸ ਮਿਤੀ ਨੂੰ ਨਿੱਜੀ ਸੁਣਵਾਈ ਨਾ ਹੋਣ ਕਰਕੇ ਸਰਕਾਰ ਦੇ ਪੱਤਰ ਨੰ: ਡੀ.ਪੀ.ਆਈ. (ਸੈ.ਸਿੱ.), ਪੰਜਾਬ ਨੂੰ 19/183/2014 -5ਸਿੱ5/338911/1-3 ਮਿਤੀ 05.11.2014 ਰਾਹੀਂ ਪ੍ਰਾਰਥੀ ਨੂੰ ਮਿਤੀ 13.11.2014 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੰਦੇ ਹੋਏ ਨੋਟਿਸ ਜਾਰੀ ਕੀਤਾ ਗਿਆ ਸੀ ਪਰ ਇਸ ਮਿਤੀ ਨੂੰ ਸੁਣਵਾਈ ਨਹੀਂ ਹੋ ਸਕੀ। ਜਿਸ ਉਪਰੰਤ ਪ੍ਰਾਰਥੀ ਨੂੰ ਸਰਕਾਰ ਦੇ ਪੱਤਰ ਨੰ: 19/183/2014-5ਸਿੱ5/386995/1-4 ਮਿਤੀ 09.01.2015 ਰਾਹੀਂ ਪ੍ਰਾਰਥੀ ਨੂੰ ਮਿਤੀ 29.10.15 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੰਦੇ ਹੋਏ ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਨਾਲ ਹੀ ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿੱ.), ਪੰਜਾਬ ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.), ਮਾਨਸਾ ਨੂੰ ਵੀ ਇਸ ਮਿਤੀ ਨੂੰ ਰਿਕਾਰਡ ਲੈ ਕੇ ਹਾਜ਼ਰ ਹੋਣ ਦਾ ਨੋਟਿਸ ਦਿੰਦੇ ਹੋਏ ਕੇਸ ਦੀ ਸਥਿਤੀ ਸਪੱਸ਼ਟ ਕਰਨ ਲਈ ਨੋਟਿਸ ਦਿੱਤਾ ਗਿਆ ਸੀ।

3. ਇਹ ਕਿ ਸ਼੍ਰੀ ਭੁਪਿੰਦਰ ਸਿੰਘ ਸਿਧੂ, ਸਾਇੰਸ ਮਾਸਟਰ (ਡਿਸਮਿਸਡ) ਦੇ ਕੇਸ ਵਿੱਚ ਹਾਜ਼ਰ ਹੋਏ ਨੁਮਾਇੰਦਿਆਂ ਵੱਲੋਂ ਨਿੱਜੀ ਸੁਣਵਾਈ ਦੌਰਾਨ ਬਿਆਨ ਕੀਤੀ ਗਈ ਸਥਿਤੀ ਇਸ ਪ੍ਰਕਾਰ ਹੈ:-

ੳ) ਡੀ.ਪੀ.ਆਈ. (ਸੈ.ਸਿੱ.), ਪੰਜਾਬ ਦੇ ਹਾਜ਼ਰ ਹੋਏ ਨੁਮਾਇੰਦੇ ਵੱਲੋਂ ਦੱਸਿਆ ਗਿਆ ਕਿ ਸ਼੍ਰੀ ਭੁਪਿੰਦਰ ਸਿੰਘ ਸਿਧੂ, ਸਾਇੰਸ ਮਾਸਟਰ, ਸਰਕਾਰੀ ਹਾਈ ਸਕੂਲ ਹੀਰੋ ਕਲਾਂ, ਜਿਲ੍ਹਾ ਮਾਨਸਾ (ਹੁਣ ਡਿਸਮਿਸਡ) ਨੂੰ ਡੀ.ਪੀ.ਆਈ. (ਸੈ.ਸਿੱ.), ਪੰਜਾਬ ਵੱਲੋਂ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਂਵਲੀ 1970, ਦੇ ਨਿਯਮ, 8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਜਿਸ ਵਿੱਚ ਦੋਸ਼ ਲਗਾਏ ਗਏ ਸਨ ਕਿ ਬੱਚਿਆਂ ਤੋਂ ਵੱਧ ਫੀਸਾਂ ਅਤੇ ਲੜਕੀਆਂ ਨਾਲ ਚਰਿਤਰਹੀਣਤਾ ਦਾ ਵਰਤਾਵ ਕੀਤਾ। ਜਿਸ ਦੀ ਨਿਯਮਾਂ ਅਧੀਨ ਸਾਰੀ ਕਾਰਵਾਈ ਕਰਨ ਉਪਰੰਤ ਡੀ.ਪੀ.ਆਈ. (ਸੈ.ਸਿੱ.), ਪੰਜਾਬ ਵੱਲੋਂ ਹੁਕਮ ਮਿਤੀ 28.08.2014 ਨੂੰ ਕਰਦੇ ਹੋਏ ਮੇਰੀਆਂ ਸਰਕਾਰੀ ਸੇਵਾਵਾਂ ਬਰਖਾਸਤ ਕਰ ਦਿੱਤੀਆਂ ਗਈਆਂ ਪਰ ਮੇਰੇ ਵੱਲੋਂ ਜੋ ਫੀਸਾਂ ਬੱਚਿਆਂ ਤੋਂ ਵੱਧ ਲਈਆਂ ਗਈਆਂ ਸਨ। ਉਹ ਬੱਚਿਆਂ/ਉਨ੍ਹਾਂ ਦੇ ਮਾਪਿਆਂ ਦੀ ਬੇਨਤੀ ਤੇ ਗਰਮੀਆਂ ਦੇ ਸਮੇਂ ਦੌਰਾਨ ਵਾਰ-ਵਾਰ ਇਸ ਕੰਮ ਲਈ ਸਕੂਲ ਵਿੱਚ ਨਾ ਆਉਣ ਕਰਕੇ ਲਈਆਂ ਗਈਆਂ ਸਨ, ਇਹ ਫੀਸ ਜੋ ਉਨ੍ਹਾਂ ਤੋਂ ਵੱਧ ਫੀਸ ਲਈ ਗਈ ਸੀ, ਉਹ ਅਗਲੇ ਸਮੈਸਟਰ ਵਿੱਚ ਐਡਜਸਟ ਕੀਤੀ ਜਾਣੀ ਸੀ, ਜੋ ਮੇਰੇ ਵੱਲੋਂ ਕੀਤੀ ਗਈ। ਇਸ ਤੋਂ ਇਲਾਵਾ ਦੱਸਿਆ ਗਿਆ ਕਿ ਬਾਕੀ ਬਚੇ ਪੈਸੇ ਉਸ ਵੱਲੋਂ ਸਕੂਲ ਵੈਲਫੇਅਰ ਫੰਡ ਵਿੱਚ ਜਮ੍ਹਾਂ ਕਰਵਾ ਦਿੱਤੇ ਗਏ ਸਨ।

ਅ) ਸ਼੍ਰੀ ਭੁਪਿੰਦਰ ਸਿੰਘ ਸਿਧੂ, ਸਾਇੰਸ ਮਾਸਟਰ (ਡਿਸਮਿਸਡ) ਦੇ ਕੇਸ ਵਿੱਚ ਡੀ.ਪੀ.ਆਈ. (ਸੈ.ਸਿੱ.), ਪੰਜਾਬ ਦੇ ਨੁਮਾਇੰਦੇ ਵੱਲੋਂ ਦੱਸਿਆ ਗਿਆ ਕਿ ਸ਼੍ਰੀ ਭੁਪਿੰਦਰ ਸਿੰਘ ਸਿਧੂ, ਸਾਇੰਸ ਮਾਸਟਰ ਨੂੰ ਸਜ਼ਾ ਤੇ ਅਪੀਲ ਨਿਯਮ, 8 ਅਧੀਨ ਦੋਸ਼ ਸੂਚੀ ਬੱਚਿਆਂ ਤੋਂ ਵੱਧ ਫੀਸਾਂ ਲੈਣ ਕਰਕੇ ਜਾਰੀ ਕੀਤੀ ਗਈ ਸੀ। ਜਿਸ ਦਾ ਪ੍ਰੋਪਰ ਪ੍ਰੋਸੀਜ਼ਰ ਨਿਯਮਾਂ ਅਨੁਸਾਰ ਅਪਣਾਉਂਦੇ ਹੋਏ ਹੁਕਮ ਨੰ: 6/11-12 ਅਮਲਾ2(3) ਮਿਤੀ 15.07.2014 ਦੇ ਰਾਹੀਂ ਉਸ ਨੂੰ ਸਰਕਾਰੀ ਸੇਵਾਵਾਂ ਤੋਂ ਬਰਖਾਸਤ ਕਰ ਦਿੱਤਾ ਸੀ।

ੲ) ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.), ਮਾਨਸਾ ਅਤੇ ਮੁੱਖ ਅਧਿਆਪਕ, ਸਰਕਾਰੀ ਹਾਈ ਸਕੂਲ ਹੀਰੋ ਕਲਾਂ, ਜਿਲ੍ਹਾ ਮਾਨਸਾ ਵੱਲੋਂ ਦੱਸਿਆ ਗਿਆ ਕਿ ਸ਼੍ਰੀ ਭੁਪਿੰਦਰ ਸਿੰਘ ਸਿਧੂ, ਸਾਇੰਸ ਮਾਸਟਰ ਵੱਲੋਂ ਜੋ

ਬੱਚਿਆਂ ਤੋਂ ਫੀਸਾਂ ਵੱਧ ਲਈਆਂ ਗਈਆਂ ਸਨ ਉਹ ਫੀਸਾਂ ਦਫਤਰੀ ਰਿਕਾਰਡ/ਸਕੂਲ ਦੇ ਰਿਕਾਰਡ ਅਨੁਸਾਰ ਬੱਚਿਆਂ ਦੇ ਅਗਲੇ ਸਮੈਸਟਰ ਵਿੱਚ ਅਤੇ ਹੋਰ ਵਾਧੂ ਰਾਸ਼ੀ ਸਕੂਲ ਭਲਾਈ ਫੰਡ ਵਿੱਚ ਜਮ੍ਹਾਂ ਕਰਵਾ ਦਿੱਤੀ ਗਈ ਹੈ।

4. ਇਹ ਕਿ ਸ਼੍ਰੀ ਭੁਪਿੰਦਰ ਸਿੰਘ ਸਿਧੂ (ਡਿਸਮਿਸਡ), ਸਾਇੰਸ ਮਾਸਟਰ, ਸਰਕਾਰੀ ਹਾਈ ਸਕੂਲ ਹੀਰੋ ਕਲਾਂ, ਜਿਲ੍ਹਾ ਮਾਨਸਾ ਦੇ ਕੇਸ ਵਿੱਚ ਉਪਰੋਕਤ ਨਿੱਜੀ ਸੁਣਵਾਈ ਦੌਰਾਨ ਬਿਆਨ ਕੀਤੀ ਗਈ ਸਥਿਤੀ ਅਤੇ ਰਿਕਾਰਡ ਤੇ ਆਏ ਤੱਥਾਂ ਨੂੰ ਵਿਚਾਰਨ ਉਪਰੰਤ ਡੀ.ਪੀ.ਆਈ. (ਸੈ.ਸਿੱ.), ਪੰਜਾਬ ਦੇ ਹੁਕਮ ਮਿਤੀ 15.07.2014 ਜੋ ਮਿਤੀ 28.08.2014 ਨੂੰ ਜਾਰੀ ਕੀਤੇ ਗਏ ਹਨ। ਜਿਸ ਰਾਹੀਂ ਉਸ ਦੀਆਂ ਸਮਾਪਤ ਕੀਤੀਆਂ ਗਈਆਂ ਸਰਕਾਰੀ ਸੇਵਾਵਾਂ ਸਬੰਧੀ ਉਸ ਵੱਲੋਂ ਕੀਤੀ ਗਈ ਅਪੀਲ ਮਿਤੀ 26.09.2014 ਵਿੱਚ ਦਿੱਤੀਆਂ ਗਈਆਂ ਦਲੀਲਾਂ ਨੂੰ ਵਿਚਾਰਿਆ ਗਿਆ ਅਤੇ ਨਰਮੀ ਦਾ ਵਤੀਰਾ ਅਪਣਾਉਂਦੇ ਹੋਏ ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿੱ.), ਪੰਜਾਬ ਵੱਲੋਂ ਉਸ ਦੀਆਂ ਸੇਵਾਵਾਂ ਸਮਾਪਤ ਕਰਨ ਦੇ ਕੀਤੇ ਗਏ ਹੁਕਮ ਨੰ: 6/11-12 ਅਮਲਾ2(3) ਮਿਤੀ 15.07.2014 ਜੋ ਮਿਤੀ 28.08.2014 ਨੂੰ ਜਾਰੀ ਕੀਤੇ ਗਏ ਹਨ, ਨੂੰ ਰੀਵਿਊ ਕਰਦੇ ਹੋਏ ਸ਼੍ਰੀ ਭੁਪਿੰਦਰ ਸਿੰਘ ਸਿਧੂ (ਡਿਸਮਿਸਡ), ਸਾਇੰਸ ਮਾਸਟਰ ਦੀਆਂ ਬਰਖਾਸਤ ਕੀਤੀਆਂ ਗਈਆਂ ਸੇਵਾਵਾਂ ਨੂੰ ਬਹਾਲ ਕੀਤਾ ਜਾਂਦਾ ਹੈ ਅਤੇ ਇਸ ਸਜਾ ਨੂੰ ਘੱਟ ਕਰਦੇ ਹੋਏ ਉਸ ਦੀਆਂ ਦੋ ਸਲਾਨਾ ਤਰੱਕੀਆਂ ਭਵਿੱਖੀ ਅਸਰ ਨਾਲ ਬੰਦ ਕਰਨ ਦੀ ਸਜ਼ਾ ਦਿੱਤੀ ਜਾਂਦੀ ਹੈ।

ਸੀ.ਰਾਊਲ, ਆਈ.ਏ.ਐਸ.,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਿੱਖਿਆ ਵਿਭਾਗ (ਸਕੂਲਜ਼)।

ਮਿਤੀ, ਚੰਡੀਗੜ੍ਹ:
10.02.2015

ਪਿੱਠ ਅੰ: ਨੰ: 19/183/2014-5ਸਿੱ5/ 5180457/1-4 ਮਿਤੀ, ਚੰਡੀਗੜ੍ਹ: 19/2/15

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

ਰਜਿ: 1. ਡਾਇਰੈਕਟਰ, ਸਿੱਖਿਆ ਵਿਭਾਗ (ਸੈ.ਸਿ.), ਦਫਤਰ: ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਮੋਹਾਲੀ (ਅਜੀਤਗੜ੍ਹ) ਨੂੰ ਲਿਖਿਆ ਜਾਂਦਾ ਹੈ ਕਿ ਇਸ ਕੇਸ ਵਿੱਚ ਸ਼੍ਰੀ ਭੁਪਿੰਦਰ ਸਿੰਘ ਸਿੱਧੂ, ਸਾਇੰਸ ਮਾਸਟਰ, ਸਰਕਾਰੀ ਹਾਈ ਸਕੂਲ ਹੀਰੋ ਕਲਾਂ, ਜਿਲ੍ਹਾ ਮਾਨਸਾ ਦੇ ਡਿਸਮਿਸਲ ਤੋਂ ਹਾਜ਼ਰ ਹੋਣ ਤੱਕ ਦੇ ਸਮੇਂ ਸਬੰਧੀ ਫੈਸਲਾ ਕਰਨ ਬਾਰੇ ਸਵੈ-ਸਪੱਸਟ ਤਜਵੀਜ਼ ਸਰਕਾਰ ਨੂੰ ਭੇਜੀ ਜਾਵੇ।

ਰਜਿ: 2. ਮੰਡਲ ਸਿੱਖਿਆ ਅਫਸਰ, ਫਰੀਦਕੋਟ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਹੁਕਮਾਂ ਦੀ ਪਾਲਣਾ ਕੀਤੀ ਜਾਵੇ।

ਰਜਿ: 3. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਮਾਨਸਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਹੁਕਮਾਂ ਦੀ ਪਾਲਣਾ ਕੀਤੀ ਜਾਵੇ ਅਤੇ ਇਸ ਪੱਤਰ ਦੀ ਕਾਪੀ ਪ੍ਰਾਰਥੀ ਨੂੰ ਮੁਹੱਈਆ ਕਰਵਾਈ ਜਾਵੇ।

ਰਜਿ: 4. ਸ਼੍ਰੀ ਭੁਪਿੰਦਰ ਸਿੰਘ ਸਿੱਧੂ, ਸਾਇੰਸ ਮਾਸਟਰ, ਸਰਕਾਰੀ ਹਾਈ ਸਕੂਲ ਹੀਰੋ ਕਲਾਂ, ਜਿਲ੍ਹਾ ਮਾਨਸਾ।

ਸੰਯੁਕਤ ਸਕੱਤਰ ਸਕੂਲ ਸਿੱਖਿਆ

<u>ਅੰਦਰੂਨੀ ਵੰਡ:</u>

1. ਨਿੱਜੀ ਸਕੱਤਰ/ਪ੍ਰ.ਸ.ਸ.ਸਿੱ.ਜੀ।
2. ਪੀ.ਏ./ਵਿ.ਸ.ਸ.ਸਿੱ.(ਗ)।
3. ਡੀ.ਜੀ.ਐਸ.ਈ.ਪੰਜਾਬ, ਵੈਬ ਸਾਈਟ ਤੇ ਪਾਉਣ ਲਈ।
4. ਰਿਕਾਰਡ, ਸਿੱਖਿਆ-5 ਸ਼ਾਖਾ।

6295 26/2/15